ੴ ਸਤਿਗੁਰਪ੍ਰਸਾਦਿ ॥

ਨਮਸ਼ਕਾਰ ਸ੍ਰੀ ਖੜਗ ਕੋ [੧]

ਭਾਈ ਗੁਰਦਾਸ ਜੀ : -

ਨਮਸਕਾਰ ਗੁਰਦੇਵ ਕੋ ਸਤਿਨਾਮੁ ਜਿਸੁ ਮੰਤ੍ਰ ਸੁਣਾਇਆ ॥ [੨]

ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈ ਨ ਕਹਿਜੋ ਸਭ ਤੋਹਿ ਬਖਾਨ੍ਯੋ ॥ [੩]

ਸ਼ੰਕਾਵਾਦੀ ਸਜਨ : - ਇਥੇ ਤਖ਼ਤ ਹਜ਼ੂਰ ਸਾਹਿਬ ਤੇ ਕੜਾਹ ਪ੍ਰਸਾਦਿ ਤੋਂ ਅਲਾਵਾ ਖੀਰ, ਪੂਰੀ, ਲੁਚੀ, ਪੁਲਾਓ ਆਦਿਕ, ਜਿਸ ਨੂੰ ਸਾਡੇ ਸਤ ਦਾ ਭੋਗ ਕਹਿੰਦੇ ਹਨ, ਇਸ ਦਾ ਕੀ ਕਾਰਣ ਹੈ ?

ਉਤਰ : - ਭਾਈ ਸ਼ੰਕਾਵਾਦੀ ਸਜਨੋ, ਏਹਦਾ ਭੀ ਉਤਰ ਸੁਨੋ । ਏਕ ਤਾਂ ਜਾਗੀਰ ਤਖ਼ਤ ਸਚਖੰਡ ਸਾਹਿਬ ਨੂੰ, ਜੇੜੇ ਸੱਤ (੭) ਪਿੰਡ ਇਥੋਂ ਦੇ ਵਜ਼ੀਰ ਚੰਦੂ ਲਾਲ ਜੀ, ਹੈਦਰਾਬਾਦ ਵਾਲੇ ਨੇ ਲੁਵਾਏ ਹਨ, ਏਹਦੇ ਵਿਚੋਂ ਦੋ ਪਿੰਡ ਖ਼ਾਸ ਗੁਰੂ ਸਾਹਿਬ ਜੀ ਦੇ ਭੋਗ ਵਾਸਤੇ ਲਗਾਏ ਹਨ । ਮੁਰਾਦਮੰਦ ਤਰਫ਼ੋਂ ਹਮੇਸ਼ਾ ਵਾਸਤੇ ਭੋਗ ਲਗਾਯਾ ਜਾਂਦਾ ਹੈ । ਅਗਰ ਸਾਡੇ ਸੱਤ ਦਾ ਭੋਗ ਪੰਜ ਥਾਲ ਦਾ ਮੁਰਾਦਮੰਦ ਦੀ ਤਰਫ਼ੋਂ ਲਗਦਾ ਹੈ, ਤਾਂ ਇਸ ਵਿਚ ਤੁਹਾਨੂੰ ਕੀ ਦੁਖ ? ਪਿੰਡਾਂ ਦਾ ਵੇਰਵਾ ਪੂਰਾ ਦੇਖਨਾ ਹੋਵੇ, ਗੁਰਦਵਾਰਾ ਦਫ਼ਤਰ ਤੋਂ ਦੇਖ ਸਕਦੇ ਹਨ । ਔਰ ਇਸ ਜਾਗੀਰ ਦੀ ਆਮਦਨ ਵਿਚੋਂ ਕੁਛ ਖ਼ਰਚ ਧੂਪ ਦੀਪ ਵਾਸਤੇ ਮੁਕੱਰਰ ਹੈ । ਅਗਰ ਮਹਾਰਾਜ ਜੀ ਨੂੰ ਧੂਪ, ਦੀਪ ਵ ਜੋਤ ਮੁਰਾਦਮੰਦ ਦੀ ਤਰਫ਼ੋਂ ਹੋ ਰਹੀ ਹੈ, ਇਸ ਵਿਚ ਤੁਹਾਨੂੰ ਕੀ ਤਕਲੀਫ਼ ਹੋ ਰਹੀ ਹੈ ? ਏਹ ਤੋ ਓਹੋ ਕਹਾਵਤ ਹੋਈ

ਦਾਤਾ ਦਾਨ ਕਰੇ, ਭੰਡਾਰੀ ਦਾ ਪੇਟ ਦੁਖੇ

---

[੧] ਸ੍ਰੀ ਬਚਿੱਤ੍ਰ ਨਾਟਕ, ਪੰਨਾ ੩੯, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

[੨] ਪਉੜੀ ਪਹਿਲੀ, ਵਾਰ ਪਹਿਲੀ, ਭਾਈ ਸਾਹਿਬ ਗੁਰਦਾਸ ਜੀ ।

[੩] ਰਾਮਾਵਤਾਰ, ਪੰਨਾ ੨੫੪, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

ਦੂਸਰਾ, ਏਹ ਮ੍ਰਿਜਾਦਾ ਪੁਰਾਤਨ ਚਲੀ ਆ ਰਹੀ ਹੈ । ਦਸ਼ਮੇਸ਼ ਪਿਤਾ ਜੀ ਦੇ ਵਖਤ ਜਿਸ ਤਰ੍ਹਾਂ ਲੰਗਰ ਤਿਆਰ ਹੋਏ ਤੋ ਏਸੇਤਰ੍ਹਾਂ ਪੰਜ ਥਾਲ ਮਹਾਰਾਜ ਜੀ ਦੇ ਛਕਨ ਵਾਸਤੇ ਆਉਂਦੇ ਸਨ, ਕਿਉਂਕਿ ਦਸ਼ਮੇਸ਼ ਪਿਤਾ ਜੀ ਪੰਜ ਪਿਆਰਿਆਂ ਨੂੰ ਛਡ ਕੇ ਪ੍ਰਸਾਦ ਨਹੀਂ ਛਕਦੇ ਸੀ । ਇਸ ਵਾਸਤੇ ਗੁਰੂ ਸਾਹਿਬ ਵਾਸਤੇ ਪੰਜ ਥਾਲ ਲਾਂਗਰੀ ਸਿੰਘ ਲੈ ਆਉਂਦੇ ਸਨ, ਕਿਉਂਕਿ ਸਾਰਾ ਖ਼ਾਲਸਾ ਪੰਥ ਔਰ ਗੁਰੂ ਨਾਨਕ ਲੇਵਾ ਦਸ਼ਮੇਸ਼ ਪਿਤਾ ਜੀ ਦੇ ਚਾਰ ਸਾਹਿਬਜ਼ਾਦੇ ਮੰਨਦੇ ਹਨ, ਮਗਰ ਦਸ਼ਮੇਸ਼ ਪਿਤਾ ਜੀ ਭੀ ਅਪਨੇ ਪੰਜ ਸਾਹਿਬਜ਼ਾਦੇ ਮੰਨਦੇ ਹਨ, ਪੰਜਵਾਂ ਖ਼ਾਲਸਾ ਪੰਥ । ਜਿਸਤਰ੍ਹਾਂ ਸੰਸਾਰੀ ਮਾਂ-ਬਾਪ ਬਚਿਆਂ ਨੂੰ ਛਡ ਕੇ ਪ੍ਰਸਾਦਾ ਨਹੀਂ ਛਕਦੇ, ਇਸੀਤਰ੍ਹਾਂ ਦਸ਼ਮੇਸ਼ ਪਿਤਾ ਜੀ ਹਾਜ਼ਰੀਨ ਪੰਜ ਪਿਆਰੇ ਨੂੰ ਛਡ ਕੇ ਗੁਰੂ ਮਹਾਰਾਜ ਜੀ ਭੀ ਭੋਜਨ ਨਹੀਂ ਕਰਦੇ ਸਨ । ਜਿਸਤਰ੍ਹਾਂ ਸਾਰਾ ਖ਼ਾਲਸਾ ਪੰਥ ਵ ਗੁਰੂ ਨਾਨਕ ਨਾਮ ਲੇਵਾ ਜਿਥੇ ਭੀ ਕੜਾਹ ਪ੍ਰਸਾਦਿ ਦਾ ਭੋਗ ਲਗਦਾ ਹੈ, ਉਥੇ ਪੰਜ ਪਿਆਰਿਆਂ ਦਾ ਵਰਤਾਰਾ ਕਢਦੇ ਹਨ, ਇਸੀਤਰ੍ਹਾਂ ਸ੍ਰੀ ਤਖ਼ਤ ਹਜ਼ੂਰ ਸਾਹਿਬ ਤੇ ਲਾਂਗਰੀ ਸਿੰਘ ਮਹਾਰਾਜ ਜੀ ਦੇ ਭੋਗ ਪੰਜ ਪਿਆਰੇ ਦੇ ਥਾਲ ਭੀ ਲੈ ਕੇ ਜਾਂਦੇ ਹਨ ਵ ਹਾਜ਼ਰ ਕਰਦੇ ਹਨ । ਏਹ ਕੋਈ ਮ੍ਰਿਜਾਦਾ ਦੇ ਉਲਟ ਨਹੀਂ ਹੈ । ਜੋ ਹਜ਼ੂਰੀ ਸਿੰਘਾਂ ਨੂੰ ਪੰਜ ਥਾਲਾਂ ਦੇ ਬਾਰੇ ਪੂਛਤੇ ਹੋ, ਤੋ ਹਜ਼ੂਰੀ ਸਿੰਘ ਤੁਹਾਨੂੰ ਪੁਛਦੇ ਹਨ ਕਿ ਗੁਰੂ ਸਾਹਿਬ ਜੀ ਨੂੰ ਭੋਗ ਲਗੇ ਬਾਦ ਤੁਸੀਂ ਕਿਉਂ ਪੰਜ ਪਿਆਰਿਆਂ ਦਾ ਵਰਤਾਰਾ ਕਢਦੇ ਹੋ ?

ਭਾਈ ਸ਼ੰਕਾਵਾਦੀ ਸਜਨੋ, ਆਪ ਤਾਂ ਤੁਸੀਂ ਮਹਾਂ-ਪ੍ਰਸਾਦ ਸੀਕਾ ਮੇ, ਮੁਰਗੇ, ਅੰਡੇ, ਬੀਰਾਨੀਆਂ ਕੋਈ ਮਹਿਮਾਨ ਘਰ ਆਏ, ਤਾਂ ਉਸਨੂੰ ਖ਼ੁਸ਼ ਕਰਨ ਵਾਸਤੇ ਖੁਵਾਂਦੇ ਹੋ । ਅਗਰ ਵਜ਼ੀਰ ਚੰਦੂ ਲਾਲ ਨੇ ਦੋ ਪਿੰਡ ਮਹਾਰਾਜ ਜੀ ਦੇ ਭੋਗ ਵਾਸਤੇ ਲਾਏ ਹਨ, ਮਹਾਰਾਜ ਜੀ ਨੂੰ ਖੀਰ ਪੂਰੀ ਪੁਲਾਓ ਆਦਿਕ ਕਾ ਭੋਗ ਮੇਰੀ ਤਰਫ਼ੋਂ ਹਮੇਸ਼ਾ ਕੇ ਲੀਏ ਭੋਗ ਲਗਾਯਾ ਜਾਯਾ ਕਰੈ । ਵਜ਼ੀਰ ਗੁਰੂ ਸਾਹਿਬ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਵਾਸਤੇ ਮੁਕੱਰਰ ਕੀਤਾ ਹੈ । ਫੇਰ ਸ਼ੰਕਾਵਾਦੀ ਸਜਨੋ, ਏਹਦੇ ਵਿਚ ਤੁਹਾਡਾ ਕੀ ਖ਼ਰਚ ਹੋ ਰਿਹਾ ਹੈ ? ਗੁਰੂ ਸਾਹਿਬ ਜੀ ਨੂੰ ਅਛਾ ਭੋਜਨ ਛਕਦਿਆਂ ਦੇਖਨ ਦੇ ਏਕ ਮੁਰਾਦਮੰਦ ਦੀ ਤਰਫ਼ੋਂ ਭੇਟਾ ਕੀਤਾ ਜਾਂਦਾ ਹੈ, ਤੋ ਇਹਦੇ ਵਿਚ ਤੁਹਾਨੂੰ ਕੀ ਤਕਲੀਫ਼ ਹੋ ਰਹੀ ਹੈ ? ਏਹ ਸਾਡੇ ਸਤ ਦਾ ਭੋਗ ਵ ਪੰਜ ਥਾਲ ਵਾਲੇ ਤੇ ਸਿੰਘ ਸ੍ਰੀ ਹਰਭਗਤ ਸਿੰਘ ਨੂੰ ਨੁਕਤਾਚੀਨੀ ਕੀਤੀ ਹੈ । ਖ਼ਾਲਸਾ ਪੰਥ ਨੂੰ ਚਾਹੀਏ ਵ ਪੰਥ ਦੇ ਮੁਖੀਆਂ ਨੂੰ ਚਾਹੀਏ ਕਿ ਗਿਆਨੀ ਸਿੰਘ ਜੀ ਨੂੰ ਪਾਬੰਦ ਕੀਆ ਜਾਏ ਕਿ ਦੁਬਾਰਾ ਦਸ਼ਮੇਸ਼ ਪਿਤਾ ਜੀ ਦੇ ਵਾਸਤੇ ਭੋਜਨ ਤਿਆਰ ਹੋਏ ਪਰ ਦੁਬਾਰਾ ਨੁਕਤਾਚੀਨੀ ਨਾ ਕਰੇ । ਅਗਰ ਕੋਈ ਕਰੇ, ਤੋ ਉਸ ਨੂੰ ਧਾਰਮਕ ਦੰਡ ਦੇਨਾ ਚਾਹੀਏ ।